Ready
for you



# ਜੀ ਆਇਆਂ ਨੂੰ
# ਜੀ ਆਇਆਂ ਨੂੰ
# ਜੀ ਆਇਆਂ ਨੂੰ
# ਜੀ ਆਇਆਂ ਨੂੰ
# ਜੀ ਆਇਆਂ ਨੂੰ

ਕੈਨੇਡਾ ਵਿੱਚ ਤੁਹਾਡੀ ਵਿੱਤੀ ਯਾਤਰਾ ਇੱਥੋਂ ਸ਼ੁਰੂ ਹੁੰਦੀ ਹੈ।

# ਵਿਸ਼ਾ-ਸੂਚੀ


ਪੰਨਾ 3 — TD ਵਿੱਚ ਤੁਹਾਡਾ ਸੁਆਗਤ ਹੈ

ਪੰਨਾ 4 — ਰੋਜ਼ਾਨਾ ਲੋੜਾਂ ਲਈ ਹੱਲ
- ਚੈਕਿੰਗ, ਸੇਵਿੰਗਸ, ਕ੍ਰੈਡਿਟ ਕਾਰਡ ਅਤੇ ODP

ਪੰਨਾ 5 — ਕੈਨੇਡੀਅਨ ਕ੍ਰੈਡਿਟ ਨੂੰ ਸਮਝਣਾ
- ਕ੍ਰੈਡਿਟ ਸਕੋਰ ਕੀ ਹੁੰਦਾ ਹੈ
- ਆਪਣੀ ਕ੍ਰੈਡਿਟ ਹਿਸਟਰੀ ਬਣਾਉਣ ਅਤੇ ਬਣਾਏ ਰੱਖਣ ਦਾ ਤਰੀਕਾ
- ਆਪਣੇ ਕ੍ਰੈਡਿਟ ਸਕੋਰ ਦੀ ਜਾਂਚ ਕਰਨ ਦਾ ਤਰੀਕਾ

ਪੰਨਾ 6 — ਆਪਣੇ ਖਾਤੇ ਵਿੱਚ ਫੰਡ ਪਾਉਣੇ
- ਆਪਣਾ ਪੈਸਾ ਜਮ੍ਹਾ ਕਰਾਉਣਾ
- ਪੈਸੇ ਭੇਜਣੇ ਅਤੇ ਪ੍ਰਾਪਤ ਕਰਨੇ

ਪੰਨਾ 7-8 — ਬੈਂਕਿੰਗ ਨੂੰ ਆਸਾਨ ਬਣਾਉਣਾ
- ਸਾਡੇ ਨਾਲ ਬੈਂਕਿੰਗ ਕਰਨ ਦਾ ਤਰੀਕਾ ਜਾਣੋ
- ਆਪਣੇ ਆਪ ਨੂੰ ਧੋਖਾਧੜੀ ਅਤੇ ਘੁਟਾਲਿਆਂ ਤੋਂ ਬਚਾਓ

ਪੰਨਾ 9-12 — ਵਿੱਤੀ ਸਲਾਹ ਨੂੰ ਵਧਾਉਣਾ
- ਰਜਿਸਟਰਡ ਬਚਤ ਯੋਜਨਾਵਾਂ ਅਤੇ ਟੈਕਸ ਲਾਭਾਂ ਨੂੰ ਸਮਝਣਾ
- ਜੀਵਨ ਦੇ ਮੁੱਖ ਪਲਾਂ ਲਈ ਬਚਤ ਕਰਨਾ
- TD ਨਾਲ ਨਿਵੇਸ਼ ਕਰਨਾ

ਪੰਨਾ 13 — ਜਲਦ ਬੈਂਕਿੰਗ ਸੁਝਾਅ

ਪੰਨਾ 14 — ਆਓ ਜੁੜੇ ਰਹੀਏ



## ਕੈਨੇਡਾ ਵਿੱਚ ਤੁਹਾਡਾ ਸੁਆਗਤ ਹੈ।
## TD ਵਿੱਚ ਤੁਹਾਡਾ ਸੁਆਗਤ ਹੈ।

ਸਾਨੂੰ ਚੁਣਨ ਲਈ ਤੁਹਾਡਾ ਧੰਨਵਾਦ। ਅਸੀਂ ਕਿਸੇ ਨਵੇਂ ਦੇਸ਼ ਵਿੱਚ ਰਹਿਣਾ ਸ਼ੁਰੂ ਕਰਨ ਦੀਆਂ ਚੁਣੌਤੀਆਂ ਨੂੰ ਸਮਝਦੇ ਹਾਂ। ਜਦੋਂ ਤੁਸੀਂ ਕੈਨੇਡਾ ਵਿੱਚ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰਦੇ ਹੋ ਤਾਂ ਅਸੀਂ ਤੁਹਾਡੀਆਂ ਤਤਕਾਲ ਅਤੇ ਭਵਿੱਖ ਦੀਆਂ ਬੈਂਕਿੰਗ ਲੋੜਾਂ ਵਿੱਚ ਸਮਰਥਨ ਕਰਨ ਲਈ ਮੌਜੂਦ ਹਾਂ।

# ਰੋਜ਼ਾਨਾ ਦੀਆਂ ਬੈਂਕਿੰਗ ਲੋੜਾਂ ਲਈ ਹੱਲ

## ਰੋਜ਼ਾਨਾ ਬੈਂਕਿੰਗ ਉਤਪਾਦ ਅਤੇ ਸੇਵਾਵਾਂ

TD ਨਿਊ ਟੂ ਕੈਨੇਡਾ ਬੈਂਕਿੰਗ ਪੈਕੇਜ ਵਿੱਚ, ਵੱਧ ਤੋਂ ਵੱਧ ਫਾਇਦਾ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਚੈਕਿੰਗ ਅਤੇ ਸੇਵਿੰਗਸ ਖਾਤਿਆਂ, ਓਵਰਡ੍ਰਾਫ਼ਟ ਪ੍ਰੋਟੈਕਸ਼ਨ, ਅਤੇ ਕ੍ਰੈਡਿਟ ਕਾਰਡਾਂ ਵਰਗੇ ਰੋਜ਼ਾਨਾ ਦੇ ਬੈਂਕਿੰਗ ਉਤਪਾਦਾਂ 'ਤੇ ਵਿਸ਼ੇਸ਼ ਪੇਸ਼ਕਸ਼ਾਂ ਅਤੇ ਛੋਟਾਂ ਸ਼ਾਮਲ ਹਨ।

### ਚੈਕਿੰਗ ਖਾਤੇ

- ਨਿਯਮਿਤ, ਰੋਜ਼ਾਨਾ ਦੇ ਲੈਣ-ਦੇਣ ਲਈ ਖਾਤਾ।
- ਤੁਸੀਂ ਜਿਨ੍ਹਾਂ ਤਰੀਕਿਆਂ ਨਾਲ ਇਸ ਖਾਤੇ ਤੱਕ ਪਹੁੰਚ ਕਰ ਸਕਦੇ ਹੋ ਉਹਨਾਂ ਵਿੱਚੋਂ ਇੱਕ ਹੈ ਡੈਬਿਟ ਕਾਰਡ ਜੋ ਤੁਹਾਨੂੰ ATM ਵਿੱਚ ਪੈਸੇ ਤੱਕ ਪਹੁੰਚ ਕਰਨ ਅਤੇ ਸਟੋਰ ਵਿੱਚ, ਔਨਲਾਈਨ ਅਤੇ ਦੁਨੀਆ ਭਰ ਵਿੱਚ ਖਰੀਦਦਾਰੀ ਕਰਨ ਦੀ ਸਹੂਲਤ ਦਿੰਦਾ ਹੈ।
- ਇਹ ਖਾਤੇ ਆਮ ਤੌਰ 'ਤੇ ਵਿਆਜ ਦਾ ਭੁਗਤਾਨ ਨਹੀਂ ਕਰਦੇ ਹਨ ਅਤੇ ਇਹਨਾਂ ਵਿੱਚ ਮਹੀਨਾਵਾਰ ਫ਼ੀਸ ਸ਼ਾਮਲ ਹੋ ਸਕਦੀ ਹੈ; ਹਾਲਾਂਕਿ TD ਜ਼ਿਆਦਾਤਰ ਖਾਤਿਆਂ 'ਤੇ ਇਸ ਮਹੀਨਾਵਾਰ ਫ਼ੀਸ ਨੂੰ ਮਾਫ਼ ਕਰਨ ਦੇ ਵਿਕਲਪ ਪੇਸ਼ ਕਰਦਾ ਹੈ।

### ਸੇਵਿੰਗ ਖਾਤਾ

- ਉਸ ਪੈਸੇ ਨੂੰ ਪਾਸੇ ਰੱਖਣ ਲਈ ਇੱਕ ਖਾਤਾ ਜੋ ਤੁਹਾਨੂੰ ਤੁਰੰਤ ਵਰਤਣ ਦੀ ਲੋੜ ਨਹੀਂ ਹੈ।
- ਤੁਹਾਨੂੰ ਲੋੜ ਅਨੁਸਾਰ ਡਿਪਾਜ਼ਿਟ, ਨਿਕਾਸੀ, ਜਾਂ ਟ੍ਰਾਂਸਫਰ ਦੁਆਰਾ ਤੁਹਾਡੇ ਪੈਸੇ ਤੱਕ ਪਹੁੰਚ ਦਿੰਦਾ ਹੈ।
- ਤੁਸੀਂ ਵਿਆਜ ਕਮਾ ਸਕਦੇ ਹੋ, ਪਰ ਇਹ ਖਾਤੇ ਅਕਸਰ ਚੈਕਿੰਗ ਖਾਤਾ ਯੋਜਨਾਵਾਂ ਨਾਲੋਂ ਘੱਟ ਨਿਕਾਸੀਆਂ ਪੇਸ਼ ਕਰਦੇ ਹਨ।

### ਕ੍ਰੈਡਿਟ ਕਾਰਡ

- ਕ੍ਰੈਡਿਟ ਕਾਰਡ ਕੈਨੇਡਾ ਵਿੱਚ ਕ੍ਰੈਡਿਟ ਬਣਾਉਣ ਵਿੱਚ ਤੁਹਾਡੀ ਮਦਦ ਕਰਨ ਦਾ ਇੱਕ ਸ਼ਾਨਦਾਰ ਤਰੀਕਾ ਹੈ। ਕ੍ਰੈਡਿਟ ਕਾਰਡ ਇੱਕ ਕਿਸਮ ਦੇ ਕਰਜ਼ੇ ਵਾਂਗ ਕੰਮ ਕਰਦਾ ਹੈ ਜਿਸ ਲਈ ਤੁਹਾਨੂੰ ਅਰਜ਼ੀ ਦੇਣ ਦੀ ਲੋੜ ਹੁੰਦੀ ਹੈ ਅਤੇ ਤੁਹਾਨੂੰ ਖਰੀਦਦਾਰੀ ਕਰਨ ਲਈ ਤੁਰੰਤ ਭੁਗਤਾਨ ਕਰਨ ਦੀ ਬਜਾਏ ਇੱਕ ਪ੍ਰਵਾਨਿਤ ਸੀਮਾ ਤੱਕ ਫੰਡ ਉਧਾਰ ਲੈਣ ਦਿੰਦਾ ਹੈ।
- ਬਹੁਤ ਸਾਰੇ ਕ੍ਰੈਡਿਟ ਕਾਰਡ ਵਰਤੇ ਜਾਣ 'ਤੇ ਇਨਾਮਾਂ ਜਾਂ ਰਿਵਾਰਡਾਂ ਦੀ ਪੇਸ਼ਕਸ਼ ਕਰਦੇ ਹਨ, ਜਿਵੇਂ ਕਿ ਕੈਸ਼ ਬੈਕ, ਯਾਤਰਾ ਰਿਵਾਰਡ, ਏਅਰਲਾਈਨ ਪੁਆਇੰਟ ਅਤੇ ਹੋਰ ਬਹੁਤ ਕੁਝ।

### ਓਵਰਡ੍ਰਾਫ਼ਟ ਪ੍ਰੋਟੈਕਸ਼ਨ (ODP)

- ਅਜਿਹੇ ਸਮੇਂ ਹੋ ਸਕਦੇ ਸਨ ਜਦੋਂ ਤੁਹਾਡੇ ਚੈਕਿੰਗ ਖਾਤੇ ਵਿੱਚ ਤੁਹਾਡੇ ਬਿਲਾਂ ਨੂੰ ਕਵਰ ਕਰਨ ਲਈ ਲੋੜੀਂਦੇ ਪੈਸੇ ਨਹੀਂ ਹੁੰਦੇ। ਓਵਰਡ੍ਰਾਫ਼ਟ ਪ੍ਰੋਟੈਕਸ਼ਨ, ਇੱਕ ਪ੍ਰਵਾਨਿਤ ਸੀਮਾ ਤੱਕ, ਕਢਵਾਈ ਗਈ ਵਾਧੂ ਰਕਮ 'ਤੇ 21% ਪ੍ਰਤੀ ਸਾਲ ਵਿਆਜ ਦੇ ਅਧੀਨ, ਕਦੇ-ਕਦਾਈਂ ਤੁਹਾਡੇ ਚੈਕਿੰਗ ਖਾਤੇ ਵਿੱਚ ਕੀਤੇ ਗਏ ਲੈਣ-ਦੇਣਾਂ ਕਰਕੇ ਪੈਦਾ ਹੋਣ ਵਾਲੀਆਂ ਪੈਸੇ ਦੀਆਂ ਕਮੀਆਂ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਕਰਨ ਦਾ ਇੱਕ ਤਰੀਕਾ ਹੈ ਜੋ ਅਤੇ ਉਸ ਵੇਲੇ ਕੰਮ ਆਉਂਦਾ ਹੈ ਜਦੋਂ ਤੁਸੀਂ ਆਪਣੇ ਖਾਤੇ ਵਿੱਚ ਮੌਜੂਦ ਰਕਮ ਤੋਂ ਵੱਧ ਰਕਮ ਕਢਵਾ ਲੈਂਦੇ ਹੋ।

**ਵਧੇਰੇ ਜਾਣਨ ਲਈ ਇਸ ਵੈੱਬਸਾਈਟ 'ਤੇ ਜਾਓ**

https://www.td.com/ca/en/personal-banking/products/banking-offers-for-newcomers

# ਕੈਨੇਡੀਅਨ ਕ੍ਰੈਡਿਟ ਨੂੰ ਸਮਝਣਾ

## ਆਪਣਾ ਕ੍ਰੈਡਿਟ ਸਕੋਰ ਅਤੇ ਹਿਸਟਰੀ ਬਣਾਓ

### ਕ੍ਰੈਡਿਟ ਸਕੋਰ ਕੀ ਹੁੰਦਾ ਹੈ?

ਕ੍ਰੈਡਿਟ ਸਕੋਰ ਤੁਹਾਡੇ ਉਧਾਰ ਲੈਣ ਅਤੇ ਸਮੇਂ 'ਤੇ ਲੋਨ ਚੁਕਾਉਣ ਦੀ ਸਮਰੱਥਾ ਦਾ ਰਿਕਾਰਡ ਹੁੰਦਾ ਹੈ। ਕੈਨੇਡਾ ਵਿੱਚ ਨਵੇਂ ਆਏ ਵਿਅਕਤੀ ਵਜੋਂ, ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੀ ਰੇਟਿੰਗ ਸਥਾਪਤ ਕਰਨ ਲਈ ਤੁਰੰਤ ਆਪਣੀ ਕ੍ਰੈਡਿਟ ਹਿਸਟਰੀ ਬਣਾਉਣੀ ਸ਼ੁਰੂ ਕਰੋ।

ਕ੍ਰੈਡਿਟ ਸਕੋਰ ਰੇਂਜ 300 ਤੋਂ 900 ਦੇ ਵਿਚਕਾਰ ਕਿਤੇ ਵੀ ਹੁੰਦੀ ਹੈ। ਤੁਹਾਡਾ ਸਕੋਰ ਜਿੰਨਾ ਉੱਚਾ ਹੋਵੇਗਾ, ਤੁਹਾਡੀ ਕ੍ਰੈਡਿਟ ਰੇਟਿੰਗ ਓਨੀ ਹੀ ਬਿਹਤਰ ਹੋਵੇਗੀ। Equifax® ਦੇ ਅਨੁਸਾਰ ਕੈਨੇਡਾ ਵਿੱਚ ਇੱਕ ਚੰਗਾ ਕ੍ਰੈਡਿਟ ਸਕੋਰ ਆਮ ਤੌਰ 'ਤੇ 660 ਤੋਂ 724 ਦੇ ਵਿਚਕਾਰ ਹੁੰਦਾ ਹੈ। ਜੇਕਰ ਤੁਹਾਡਾ ਕ੍ਰੈਡਿਟ ਸਕੋਰ 725 ਤੋਂ 759 ਦੇ ਵਿਚਕਾਰ ਹੈ, ਤਾਂ ਸੰਭਾਵਨਾ ਹੈ ਕਿ ਇਸ ਨੂੰ ਬਹੁਤ ਵਧੀਆ ਮੰਨਿਆ ਜਾਵੇਗਾ। 760 ਅਤੇ ਇਸ ਤੋਂ ਉੱਪਰ ਦੇ ਕ੍ਰੈਡਿਟ ਸਕੋਰ ਨੂੰ ਆਮ ਤੌਰ 'ਤੇ ਇੱਕ ਸ਼ਾਨਦਾਰ ਕ੍ਰੈਡਿਟ ਸਕੋਰ ਮੰਨਿਆ ਜਾਂਦਾ ਹੈ।

### ਇੱਕ ਚੰਗਾ ਕ੍ਰੈਡਿਟ ਸਕੋਰ ਮਾਇਨੇ ਕਿਉਂ ਰੱਖਦਾ ਹੈ

ਇੱਕ ਚੰਗੀ ਕ੍ਰੈਡਿਟ ਰੇਟਿੰਗ ਹੋਣ ਨਾਲ ਤੁਹਾਨੂੰ ਭਵਿੱਖ ਵਿੱਚ ਪੈਸੇ ਉਧਾਰ ਲੈਣ, ਅਤੇ ਇੰਟਰਨੈੱਟ ਅਤੇ ਮੋਬਾਈਲ ਫ਼ੋਨ ਪਲਾਨਾਂ ਵਰਗੀਆਂ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਮਦਦ ਮਿਲ ਸਕਦੀ ਹੈ। ਇਹ ਘਰ ਖਰੀਦਣ ਜਾਂ ਕਿਰਾਏ 'ਤੇ ਲੈਣ ਜਾਂ ਆਪਣਾ ਖੁਦ ਦਾ ਕਾਰੋਬਾਰ ਸ਼ੁਰੂ ਕਰਨ ਵੇਲੇ ਵੀ ਤੁਹਾਡੀ ਮਦਦ ਕਰੇਗਾ।

### ਆਪਣਾ ਕ੍ਰੈਡਿਟ ਸਕੋਰ ਬਣਾਉਣ ਅਤੇ ਬਣਾਏ ਰੱਖਣ ਦਾ ਤਰੀਕਾ

ਕ੍ਰੈਡਿਟ ਬਣਾਉਣ ਦਾ ਇੱਕ ਵਧੀਆ ਤਰੀਕਾ ਹੈ ਕ੍ਰੈਡਿਟ ਕਾਰਡ ਲਈ ਅਰਜ਼ੀ ਦੇਣਾ। ਆਪਣੇ ਕ੍ਰੈਡਿਟ ਕਾਰਡ ਨੂੰ ਨਿਯਮਿਤ ਤੌਰ 'ਤੇ ਵਰਤਣਾ ਅਤੇ ਹਰ ਮਹੀਨੇ ਇਸਦਾ ਭੁਗਤਾਨ ਕਰਨਾ ਤੁਹਾਡੀ ਕ੍ਰੈਡਿਟ ਹਿਸਟਰੀ ਬਣਾਉਣ ਵਿੱਚ ਮਦਦ ਕਰ ਸਕਦਾ ਹੈ। ਅਸੀਂ ਤੁਹਾਡੀਆਂ ਲੋੜਾਂ ਲਈ ਸਹੀ ਕ੍ਰੈਡਿਟ ਕਾਰਡ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।

ਇੱਕ ਵਾਰ ਜਦੋਂ ਤੁਹਾਡਾ ਕ੍ਰੈਡਿਟ ਕਾਰਡ ਸੈਟ-ਅੱਪ ਹੋ ਜਾਂਦਾ ਹੈ, ਤਾਂ ਇਹ ਯਾਦ ਰੱਖੋ:

- ਹਮੇਸ਼ਾ ਸਮੇਂ 'ਤੇ ਭੁਗਤਾਨ ਕਰੋ - ਇੱਕ ਜਾਂ ਵੱਧ ਖੁੰਝ ਗਏ ਜਾਂ ਦੇਰੀ ਨਾਲ ਭੁਗਤਾਨ ਤੁਹਾਡੀ ਕ੍ਰੈਡਿਟ ਰੇਟਿੰਗ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦੇ ਹਨ, ਜਿਸ ਨਾਲ ਭਵਿੱਖ ਵਿੱਚ ਤੁਹਾਡੇ ਲਈ ਪੈਸਾ ਉਧਾਰ ਲੈਣਾ ਮੁਸ਼ਕਲ ਹੋ ਸਕਦਾ ਹੈ।
- ਆਪਣੀ ਕ੍ਰੈਡਿਟ ਸੀਮਾ ਤੋਂ ਵੱਧ ਖਰਚ ਕਰਨ ਤੋਂ ਬਚੋ।
- ਤੁਹਾਨੂੰ ਬਹੁਤ ਸਾਰੇ ਕਰਜ਼ਿਆਂ ਲਈ ਅਰਜ਼ੀ ਦੇਣ, ਬਹੁਤ ਸਾਰੇ ਕ੍ਰੈਡਿਟ ਕਾਰਡ ਰੱਖਣ, ਅਤੇ ਥੋੜ੍ਹੇ ਸਮੇਂ ਵਿੱਚ ਬਹੁਤ ਜ਼ਿਆਦਾ ਕ੍ਰੈਡਿਟ ਜਾਂਚਾਂ ਦੀ ਬੇਨਤੀ ਕਰਨ ਤੋਂ ਵੀ ਬਚਣਾ ਚਾਹੀਦਾ ਹੈ ਕਿਉਂਕਿ ਇਹ ਚੀਜ਼ਾਂ ਵੀ ਤੁਹਾਡੇ ਕ੍ਰੈਡਿਟ ਸਕੋਰ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦੀਆਂ ਹਨ।
- ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਭੁਗਤਾਨ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ, ਤਾਂ ਸਾਡੇ ਨਾਲ ਸੰਪਰਕ ਕਰੋ।

## ਕ੍ਰੈਡਿਟ ਰਿਪੋਰਟਿੰਗ ਏਜੰਸੀਆਂ

ਇਹ ਜਾਣਨਾ ਮਹੱਤਵਪੂਰਨ ਹੈ ਕਿ ਤੁਹਾਡੀ ਕ੍ਰੈਡਿਟ ਰਿਪੋਰਟ ਕੀ ਕਹਿੰਦੀ ਹੈ (ਭਾਵ, ਤੁਹਾਡੀ ਕ੍ਰੈਡਿਟ ਹਿਸਟਰੀ ਦੀ ਰਿਪੋਰਟ)। ਜੇ ਤੁਹਾਨੂੰ ਆਪਣੀ ਕ੍ਰੈਡਿਟ ਰਿਪੋਰਟ ਦੀ ਇੱਕ ਕਾਪੀ ਚਾਹੀਦੀ ਹੈ, ਤਾਂ ਤੁਸੀਂ ਕੈਨੇਡਾ ਵਿੱਚ ਦੋ ਮੁੱਖ ਕ੍ਰੈਡਿਟ ਰਿਪੋਰਟਿੰਗ ਏਜੰਸੀਆਂ (ਜਿਨ੍ਹਾਂ ਨੂੰ ਕ੍ਰੈਡਿਟ ਬਿਊਰੋ ਵੀ ਕਿਹਾ ਜਾਂਦਾ ਹੈ) Equifax ਜਾਂ TransUnion ਨਾਲ ਸੰਪਰਕ ਕਰ ਸਕਦੇ ਹੋ। ਇਹ ਕ੍ਰੈਡਿਟ ਰਿਪੋਰਟਿੰਗ ਏਜੰਸੀਆਂ ਤੁਹਾਡੇ ਕ੍ਰੈਡਿਟ ਹਿਸਟਰੀ ਦਾ ਰਿਕਾਰਡ ਰੱਖਦੀਆਂ ਹਨ।

ਤੁਸੀਂ ਇਹਨਾਂ ਤੋਂ ਆਪਣੀ ਕ੍ਰੈਡਿਟ ਰਿਪੋਰਟ ਦੀ ਇੱਕ ਕਾਪੀ ਲਈ ਬੇਨਤੀ ਕਰ ਸਕਦੇ ਹੋ:

**Equifax Canada (ਇਕੁਇਫੈਕਸ ਕੈਨੇਡਾ)**
1-800-465-7166
consumer.relations@equifax.ca

**TransUnion Canada (ਟ੍ਰਾਂਸਯੂਨੀਅਨ ਕੈਨੇਡਾ)**
1-877-713-3393
(ਕੇਵਲ ਕਿਊਬੇਕ)
1-800-663-9980
(ਬਾਕੀ ਸਾਰੇ ਸੂਬੇ)
marketing@tuc.ca

### ਵਧੇਰੇ ਜਾਣਨ ਲਈ ਇਸ ਵੈੱਬਸਾਈਟ 'ਤੇ ਜਾਓ

https://www.td.com/ca/en/personal-banking/advice/borrowing/how-to-build-credit-score

# ਆਪਣੇ ਖਾਤੇ ਵਿੱਚ ਫੰਡ ਪਾਉਣੇ

## ਆਪਣਾ ਪੈਸਾ ਜਮ੍ਹਾ ਕਰਾਉਣਾ

TD ਤੁਹਾਡੇ ਖਾਤੇ ਵਿੱਚ ਪੈਸੇ ਜਮ੍ਹਾ ਕਰਨ ਲਈ ਬਹੁਤ ਸਾਰੇ ਸੁਵਿਧਾਜਨਕ ਵਿਕਲਪ ਪੇਸ਼ ਕਰਦਾ ਹੈ:

## ਵਾਇਰ ਟ੍ਰਾਂਸਫ਼ਰ

ਤੁਹਾਨੂੰ ਅੰਤਰਰਾਸ਼ਟਰੀ ਜਾਂ ਅੰਤਰਦੇਸ਼ੀ ਤੌਰ 'ਤੇ, ਇੱਕ ਵਿਅਕਤੀ ਜਾਂ ਕਾਰੋਬਾਰ ਤੋਂ ਦੂਜੇ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਫੰਡ ਟ੍ਰਾਂਸਫਰ ਕਰਨ ਦੀ ਸਹੂਲਤ ਦਿੰਦਾ ਹੈ। ਆਪਣੇ ਖਾਤੇ ਵਿੱਚ ਵਾਇਰ ਟ੍ਰਾਂਸਫਰ ਕਿਵੇਂ ਪ੍ਰਾਪਤ ਕਰਨਾ ਹੈ ਇਸ ਬਾਰੇ ਵੇਰਵਿਆਂ ਲਈ TD.com ਦੇਖੋ ਜਾਂ ਕਿਸੇ ਵੀ TD ਬ੍ਰਾਂਚ ਵਿੱਚ ਜਾਓ।

## ਨਕਦ, ਬੈਂਕ ਡ੍ਰਾਫਟ ਅਤੇ ਚੈੱਕ

ਆਪਣੇ TD ਖਾਤਿਆਂ ਵਿੱਚ ਪੈਸੇ ਜਮ੍ਹਾਂ ਕਰਵਾਉਣ ਲਈ ਵਿਅਕਤੀਗਤ ਤੌਰ 'ਤੇ ਸਾਨੂੰ ਕਿਸੇ ਵੀ TD ਬ੍ਰਾਂਚ ਵਿੱਚ ਮਿਲੋ ਜਾਂ TD ATM 'ਤੇ ਜਾਓ।

ਹੋਰ ਜਾਣੋ

ਵਾਇਰ ਟ੍ਰਾਂਸਫਰ ਵੇਰਵੇ

### ਡਾਇਰੈਕਟ ਡਿਪੌਜ਼ਿਟ

ਤੁਹਾਡੇ ਰੁਜ਼ਗਾਰਦਾਤਾ ਜਾਂ ਸਰਕਾਰ ਤੋਂ ਭੁਗਤਾਨ ਸਿੱਧੇ ਤੁਹਾਡੇ ਬੈਂਕ ਖਾਤੇ ਵਿੱਚ ਜਮ੍ਹਾ ਕੀਤੇ ਜਾ ਸਕਦੇ ਹਨ। ਤੁਹਾਨੂੰ EasyWeb ਜਾ TD App 'ਤੇ ਆਪਣੇ ਡਾਇਰੈਕਟ ਡਿਪੌਜ਼ਿਟ ਫ਼ਾਰਮ ਦੀ ਕਾਪੀ ਮਿਲ ਸਕਦੀ ਹੈ

### ਮੋਬਾਈਲ ਚੈੱਕ ਡਿਪਾਜ਼ਿਟ[4, 5]

TD ਐਪ ਦੇ ਨਾਲ, ਤੁਸੀਂ ਬਸ ਚੈੱਕ ਦੀ ਫੋਟੋ ਖਿੱਚ ਕੇ ਇਸ ਨੂੰ ਜਮ੍ਹਾ ਕਰ ਸਕਦੇ ਹੋ।

## ਪੈਸੇ ਭੇਜਣੇ ਅਤੇ ਪ੍ਰਾਪਤ ਕਰਨੇ

### ਅੰਤਰਰਾਸ਼ਟਰੀ ਮਨੀ ਟ੍ਰਾਂਸਫਰ

- ਗਲੋਬਲ ਮਨੀ ਟ੍ਰਾਂਸਫਰ: TD ਗਾਹਕਾਂ ਲਈ ਅੰਤਰਰਾਸ਼ਟਰੀ ਤੌਰ 'ਤੇ ਪੈਸੇ ਭੇਜਣ ਲਈ ਇੱਕ ਨਵੀਨਤਾਕਾਰੀ ਮਾਰਕਿਟਪਲੇਸ ਹੈ।
    - Western Union® Money Transfer℠: 200 ਤੋਂ ਵੱਧ ਦੇਸ਼ਾਂ ਅਤੇ ਖੇਤਰਾਂ ਵਿੱਚ Western Union® ਏਜੰਟ ਟਿਕਾਣਿਆਂ 'ਤੇ ਕੈਸ਼ ਪਿਕ-ਅੱਪ[2] ਲਈ ਪੈਸੇ ਭੇਜੋ।
    - ਅੰਤਰਰਾਸ਼ਟਰੀ ਬੈਂਕ ਟ੍ਰਾਂਸਫਰ: ਵਿਸ਼ਵ ਪੱਧਰ 'ਤੇ ਕਿਸੇ ਪ੍ਰਾਪਤਕਰਤਾ ਦੇ ਬੈਂਕ ਖਾਤੇ ਵਿੱਚ ਸਿੱਧਾ ਟ੍ਰਾਂਸਫਰ ਕਰੋ।
    - Visa Direct: ਆਪਣੇ ਪ੍ਰਾਪਤਕਰਤਾ ਦੇ Visa Direct ਡੈਬਿਟ ਕਾਰਡ, Visa ਕ੍ਰੈਡਿਟ ਕਾਰਡ ਜਾਂ ਮੁੜ-ਲੋਡ ਹੋਣ ਯੋਗ ਪ੍ਰੀਪੇਡ Visa ਕਾਰਡ 'ਤੇ ਪੈਸੇ ਭੇਜੋ[3]।
- ਵਾਇਰ ਟ੍ਰਾਂਸਫ਼ਰ: ਤੁਸੀਂ TD ਬ੍ਰਾਂਚ ਰਾਹੀਂ ਆਪਣੇ TD ਖਾਤੇ ਵਿੱਚ ਜਾਂ ਤੋਂ ਕੈਨੇਡਾ ਦੇ ਅੰਦਰ ਅਤੇ ਵਿਸ਼ਵ ਪੱਧਰ 'ਤੇ ਟ੍ਰਾਂਸਫਰ ਭੇਜ ਅਤੇ ਪ੍ਰਾਪਤ ਕਰ ਸਕਦੇ ਹੋ।

### ਅੰਤਰਦੇਸ਼ੀ ਮਨੀ ਟ੍ਰਾਂਸਫਰ

- ਕੈਨੇਡਾ ਵਿੱਚ ਕਿਤੇ ਵੀ ਪੈਸੇ ਨੂੰ ਸੁਰੱਖਿਅਤ ਅਤੇ ਕੁਸ਼ਲਤਾ ਨਾਲ ਭੇਜਣ ਅਤੇ ਪ੍ਰਾਪਤ ਕਰਨ ਲਈ *Interac* e-Transfer® ਦੀ ਵਰਤੋਂ ਕਰੋ।
- ਤੁਸੀਂ *Interac* e-Transfer® ਨਾਲ ਪੈਸੇ ਦੀ ਬੇਨਤੀ ਵੀ ਕਰ ਸਕਦੇ ਹੋ।



[1] ਸਮਰਥਿਤ ਦੇਸ਼ ਕਿਸੇ ਵੀ ਸਮੇਂ ਬਦਲ ਸਕਦੇ ਹਨ ਅਤੇ ਹੋ ਸਕਦਾ ਹੈ ਸਾਰੀਆਂ ਟ੍ਰਾਂਸਫਰ ਵਿਧੀਆਂ ਹਰ ਦੇਸ਼ ਵਿੱਚ ਕੰਮ ਨਾ ਕਰਨ।
[2] Western Union ਏਜੰਟ ਟਿਕਾਣੇ ਪ੍ਰਾਪਤਕਰਤਾ ਨੂੰ ਪਿਕਅੱਪ ਲਈ ਵਿਕਲਪਿਕ ਚੋਣਾਂ ਵੀ ਉਪਲਬਧ ਕਰਵਾ ਸਕਦੇ ਹਨ।
[3] ਦੁਨੀਆ ਭਰ ਦੇ ਜ਼ਿਆਦਾਤਰ Visa ਕ੍ਰੈਡਿਟ, ਡੈਬਿਟ, ਅਤੇ ਮੁੜ-ਲੋਡ ਹੋਣ ਯੋਗ ਪ੍ਰੀਪੇਡ ਕਾਰਡ ਯੋਗ ਹਨ। ਹਾਲਾਂਕਿ, ਕੁਝ ਦੇਸ਼ ਅਤੇ ਵਿੱਤੀ ਸੰਸਥਾਵਾਂ ਸਥਾਨਕ ਰੈਗੂਲੇਟਰੀ ਜਾਂ ਹੋਰ ਪਾਬੰਦੀਆਂ ਦੇ ਕਾਰਨ ਇਹਨਾਂ ਟ੍ਰਾਂਜੈਕਸ਼ਨਾਂ ਨੂੰ ਸਵੀਕਾਰ ਨਾ ਕਰਨ ਦੀ ਚੋਣ ਕਰ ਸਕਦੀਆਂ ਹਨ। ਨਾਲ ਹੀ, ਕੁਝ ਮੁੜ-ਲੋਡ ਹੋਣ ਯੋਗ ਪ੍ਰੀਪੇਡ ਉਤਪਾਦਾਂ ਨੂੰ Visa Direct ਭੁਗਤਾਨ ਪ੍ਰਾਪਤ ਕਰਨ ਤੋਂ ਰੋਕਿਆ ਜਾ ਸਕਦਾ ਹੈ ਜਿਵੇਂ ਕਿ ਮੁੜ-ਲੋਡ ਹੋਣ ਯੋਗ ਯੂਥ ਪ੍ਰੀਪੇਡ ਕਾਰਡ, ਸਰਕਾਰੀ ਵੰਡ ਕਾਰਡ, ਅਤੇ ਯਾਤਰਾ ਕਾਰਡ।
[4] ਚੈੱਕ ਲਾਜ਼ਮੀ ਤੌਰ 'ਤੇ ਕਿਸੇ ਕੈਨੇਡੀਅਨ ਵਿੱਤੀ ਸੰਸਥਾ ਦੇ ਨਾਮ 'ਤੇ ਲਿਖੇ ਜਾਣੇ ਚਾਹੀਦੇ ਹਨ। ਕੈਨੇਡੀਅਨ ਮੁਦਰਾ ਵਿੱਚ ਭੁਗਤਾਨ ਯੋਗ ਚੈੱਕਾਂ ਨੂੰ ਯੋਗ ਕੈਨੇਡੀਅਨ ਡਾਲਰ ਖਾਤੇ ਵਿੱਚ ਜਮ੍ਹਾ ਕੀਤਾ ਜਾਣਾ ਚਾਹੀਦਾ ਹੈ ਅਤੇ ਅਮਰੀਕੀ ਮੁਦਰਾ ਵਿੱਚ ਭੁਗਤਾਨ ਯੋਗ ਚੈੱਕਾਂ ਨੂੰ ਯੋਗ ਅਮਰੀਕੀ ਡਾਲਰ ਖਾਤੇ ਵਿੱਚ ਜਮ੍ਹਾ ਕੀਤਾ ਜਾਣਾ ਚਾਹੀਦਾ ਹੈ।
[5] TD ਹੋਲਡ ਫੰਡ ਨੀਤੀ ਦੇ ਅਧੀਨ

# ਬੈਂਕਿੰਗ ਨੂੰ ਆਸਾਨ ਬਣਾਉਣਾ।

## ਵਿਅਕਤੀਗਤ ਬੈਂਕਿੰਗ

ਪੂਰੇ ਉੱਤਰੀ ਅਮਰੀਕਾ ਵਿੱਚ ਬ੍ਰਾਂਚਾਂ ਅਤੇ ATM ਦੇ ਇੱਕ ਵਿਸ਼ਾਲ ਨੈੱਟਵਰਕ ਦੇ ਨਾਲ, ਅਸੀਂ ਸਾਡੇ ਨਾਲ ਬੈਂਕਿੰਗ ਨੂੰ ਸੁਵਿਧਾਜਨਕ ਅਤੇ ਆਸਾਨ ਬਣਾਉਂਦੇ ਹਾਂ।

### TD ਬ੍ਰਾਂਚ

- ਆਪਣੀਆਂ ਰੋਜ਼ਾਨਾ ਦੀਆਂ ਬੈਂਕਿੰਗ ਲੋੜਾਂ ਨੂੰ ਪੂਰਾ ਕਰਨ ਲਈ ਕਿਸੇ ਬ੍ਰਾਂਚ ਵਿੱਚ ਜਾਓ ਜਾਂ ਸਲਾਹਕਾਰ ਨਾਲ ਮੁਲਾਕਾਤ ਕਰਨ ਲਈ ਅਪਾਇੰਟਮੈਂਟ ਬੁੱਕ ਕਰੋ।
- ਅਸੀਂ ਕਈ ਭਾਸ਼ਾਵਾਂ ਵਿੱਚ ਗਾਹਕ ਸੇਵਾ ਅਤੇ ਸੂਚਨਾ ਪ੍ਰਦਾਨ ਕਰਦੇ ਹਾਂ। ਭਾਸ਼ਾ ਚੋਣਕਾਰ ਦੀ ਵਰਤੋਂ ਕਰਕੇ ਅਤੇ ਔਨਲਾਈਨ ਅਪਾਇੰਟਮੈਂਟ ਬੁੱਕ ਕਰਕੇ ਆਪਣੀ ਭਾਸ਼ਾ ਬੋਲਣ ਵਾਲਾ ਸਲਾਹਕਾਰ ਲੱਭੋ।

ਅਪਾਇੰਟਮੈਂਟ ਬੁੱਕ ਕਰੋ

### TD ATM

- TD ਬ੍ਰਾਂਚ ATM ਤੁਹਾਡੀ ਰੋਜ਼ਾਨਾ ਬੈਂਕਿੰਗ ਨਾਲ ਨਜਿੱਠਣ ਦਾ ਤੇਜ਼ ਅਤੇ ਆਸਾਨ ਤਰੀਕਾ ਹਨ।
- ਇੱਕ ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ।
- ਜਦੋਂ ਤੁਸੀਂ ਕੈਨੇਡਾ ਵਿੱਚ ਕਿਤੇ ਵੀ TD ATM ਦੀ ਵਰਤੋਂ ਕਰਦੇ ਹੋ ਤਾਂ ਕੋਈ ATM ਫ਼ੀਸ ਨਹੀਂ ਲੱਗਦੀ।
- TD ATM ਕੈਨੇਡਾ 'ਤੇ ਵੱਖ-ਵੱਖ ਤਰ੍ਹਾਂ ਦੇ ਨੋਟ ਕਢਵਾਓ: $5, $20, $50, $100.[1]

## ਸੈਲਫ-ਸਰਵਿਸ ਬੈਂਕਿੰਗ

ਸੁਰੱਖਿਅਤ ਡਿਜੀਟਲ ਬੈਂਕਿੰਗ ਸਾਧਨਾਂ ਤੱਕ ਪਹੁੰਚ ਪ੍ਰਾਪਤ ਕਰੋ ਅਤੇ ਰੋਜ਼ਾਨਾ ਬੈਂਕਿੰਗ ਦਾ ਵੱਧ ਤੋਂ ਵੱਧ ਫਾਇਦਾ ਉਠਾਓ।

### TD ਐਪ

- ਆਪਣੇ TD ਖਾਤਿਆਂ ਤੱਕ ਤੇਜ਼ ਅਤੇ ਸੁਰੱਖਿਅਤ ਪਹੁੰਚ ਪ੍ਰਾਪਤ ਕਰੋ। ਕ੍ਰੈਡਿਟ ਕਾਰਡ ਭੁਗਤਾਨ ਕਰੋ, ਲੈਣ-ਦੇਣ ਦੇਖੋ ਅਤੇ ਚੈੱਕ ਜਮ੍ਹਾਂ ਕਰੋ।
- TD Global Transfer[1] ਦੇ ਨਾਲ ਦੁਨੀਆ ਵਿੱਚ ਲਗਭਗ ਕਿਤੇ ਵੀ ਪਰਿਵਾਰ ਅਤੇ ਦੋਸਤਾਂ ਨੂੰ ਪੈਸੇ ਭੇਜੋ
- *Interac* e-Transfer® ਨਾਲ ਕੈਨੇਡਾ ਵਿੱਚ ਜਲਦੀ ਨਾਲ ਪੈਸੇ ਭੇਜੋ
- ਆਪਣੇ TD ਐਕਸੈਸ ਕਾਰਡ ਅਤੇ TD ਕ੍ਰੈਡਿਟ ਕਾਰਡ ਨੂੰ ਲਾਕ ਅਤੇ ਅਨਲੌਕ ਵਿਸ਼ੇਸ਼ਤਾ ਨਾਲ ਸੁਰੱਖਿਅਤ ਕਰੋ।

TD ਐਪ ਡਾਊਨਲੋਡ ਕਰੋ

### EasyWeb ਔਨਲਾਈਨ ਬੈਂਕਿੰਗ

- TD ਔਨਲਾਈਨ ਬੈਂਕਿੰਗ ਪਲੇਟਫਾਰਮ ਤੁਹਾਨੂੰ ਤੁਹਾਡੇ ਸਾਰੇ TD ਖਾਤਿਆਂ ਤੱਕ ਤੁਰੰਤ ਪਹੁੰਚ ਪ੍ਰਦਾਨ ਕਰਦਾ ਹੈ, ਜਿਸ ਨਾਲ ਤੁਸੀਂ ਆਪਣੇ ਘਰ ਜਾਂ ਦਫ਼ਤਰ ਦੇ ਆਰਾਮ ਅਤੇ ਸਹੂਲਤ ਤੋਂ ਅਸਲ ਸਮੇਂ ਵਿੱਚ ਆਪਣੇ ਖਾਤਿਆਂ ਅਤੇ ਵਿੱਤ ਦੀ ਸਮੀਖਿਆ ਅਤੇ ਪ੍ਰਬੰਧਨ ਕਰ ਸਕਦੇ ਹੋ।
- ਬਿਲਾਂ ਦਾ ਭੁਗਤਾਨ ਕਰਨ ਤੋਂ ਲੈ ਕੇ ਖਾਤੇ ਜੋੜਨ ਜਾਂ ਬਦਲਣ ਤੱਕ, ਤੁਸੀਂ EasyWeb ਨਾਲ ਇਹ ਸਭ ਆਸਾਨੀ ਨਾਲ ਅਤੇ ਸੁਰੱਖਿਅਤ ਢੰਗ ਨਾਲ ਕਰ ਸਕਦੇ ਹੋ।
- ਸੁਰੱਖਿਆ ਦੀਆਂ ਪਰਤਾਂ ਦੇ ਨਾਲ, ਤੁਹਾਡੇ ਸਾਰੇ ਲੈਣ-ਦੇਣਾਂ ਅਤੇ ਨਿੱਜੀ ਜਾਣਕਾਰੀ ਨੂੰ ਸੁਰੱਖਿਅਤ ਅਤੇ ਸਲਾਮਤ ਰੱਖਿਆ ਜਾਂਦਾ ਹੈ।

EasyWeb 'ਤੇ ਜਾਓ

### EasyLine ਟੈਲੀਫੋਨ ਬੈਂਕਿੰਗ

- ਸਾਡੀ ਤਤਕਾਲ ਸਵੈਚਲਿਤ ਸੇਵਾ ਚੁਣ ਕੇ ਜਾਂ ਕਿਸੇ ਟੈਲੀਫ਼ੋਨ ਬੈਂਕਿੰਗ ਮਾਹਰ ਨਾਲ ਗੱਲ ਕਰਕੇ ਆਪਣੇ TD ਖਾਤਿਆਂ ਤੱਕ ਸੁਵਿਧਾਜਨਕ ਅਤੇ ਸੁਰੱਖਿਅਤ ਪਹੁੰਚ ਦਾ ਆਨੰਦ ਮਾਣੋ।
- ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਵਿਅਕਤੀਗਤ ਬੈਂਕਿੰਗ ਸੇਵਾ ਪ੍ਰਾਪਤ ਕਰੋ।
- 200 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਸੇਵਾਵਾਂ ਉਪਲਬਧ ਹਨ।

EasyLine ਨੂੰ ਕਾਲ ਕਰੋ

[1] ਹਰੇਕ ATM ਲਈ ਨੋਟਾਂ ਦੀ ਰਕਮ ਅਤੇ ਉਪਲਬਧਤਾ ਵੱਖ-ਵੱਖ ਹੋ ਸਕਦੀ ਹੈ

# ਆਪਣੇ ਆਪ ਨੂੰ ਧੋਖਾਧੜੀ ਅਤੇ ਘੁਟਾਲਿਆਂ ਤੋਂ ਬਚਾਓ

ਧੋਖਾਧੜੀ ਕਰਨ ਵਾਲੇ ਨਵੇਂ ਲੋਕਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ ਜਿਨ੍ਹਾਂ ਨੂੰ ਕੈਨੇਡੀਅਨ ਵਿੱਤੀ ਪ੍ਰਣਾਲੀ ਅਤੇ ਇਸਦੇ ਨਿਯਮਾਂ ਦੀ ਜਾਣਕਾਰੀ ਨਹੀਂ ਹੈ। ਇੱਥੇ ਧੋਖਾਧੜੀ ਦੀਆਂ ਕੁਝ ਆਮ ਕਿਸਮਾਂ ਅਤੇ ਖੁਦ ਦੀ ਰੱਖਿਆ ਕਰਨ ਦੇ ਤਰੀਕੇ ਦੱਸੇ ਗਏ ਹਨ।



- ਪਛਾਣ ਦੀ ਚੋਰੀ: ਜਦੋਂ ਕੋਈ ਵਿਅਕਤੀ ਤੁਹਾਡੀ ਜਾਣਕਾਰੀ ਜਾਂ ਸਹਿਮਤੀ ਤੋਂ ਬਿਨਾਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਧੋਖਾਧੜੀ ਕਰਨ ਲਈ ਕਰਦਾ ਹੈ ਜਿਵੇਂ ਕਿ ਤੁਹਾਡੇ ਨਾਮ 'ਤੇ ਬੈਂਕ ਖਾਤਾ ਖੋਲ੍ਹਣਾ ਜਾਂ ਕ੍ਰੈਡਿਟ ਲਈ ਅਰਜ਼ੀ ਦੇਣਾ।
  - ਜਦੋਂ ਵੀ ਕੋਈ ਤੁਹਾਡੀ ਨਿੱਜੀ ਜਾਣਕਾਰੀ ਲਈ ਬੇਨਤੀ ਕਰਦਾ ਹੈ ਤਾਂ ਸਾਵਧਾਨ ਰਹੋ। ਉਹਨਾਂ ਚੀਜ਼ਾਂ ਬਾਰੇ ਪਤਾ ਹੋਣ ਨਾਲ ਮਦਦ ਮਿਲਦੀ ਹੈ ਜੋ TD ਬੈਂਕ ਕਦੇ ਤੁਹਾਡੇ ਤੋਂ ਨਹੀਂ ਪੁੱਛੇਗਾ, ਯਾਦ ਰੱਖੋ, ਤੁਹਾਡਾ ਬੈਂਕ ਕਦੇ ਵੀ ਤੁਹਾਨੂੰ ਕਾਲ ਕਰਕੇ ਨਿੱਜੀ ਜਾਣਕਾਰੀ ਦੇਣ ਲਈ ਨਹੀਂ ਕਹੇਗਾ
  - ਕੋਈ ਵੀ ਨਿੱਜੀ ਜਾਣਕਾਰੀ ਔਨਲਾਈਨ ਪੋਸਟ ਕਰਨ ਤੋਂ ਪਹਿਲਾਂ ਸੋਚੋ।
  - ਮਹੱਤਵਪੂਰਨ ਦਸਤਾਵੇਜ਼ਾਂ ਨੂੰ ਸੁਰੱਖਿਅਤ ਅਤੇ ਮਹਿਫੂਜ਼ ਢੰਗ ਨਾਲ ਸਟੋਰ ਕਰੋ।



- ਧੋਖਾਧੜੀ ਵਾਲੀਆਂ ਈਮੇਲਾਂ (ਫਿਸ਼ਿੰਗ), SMS ਟੈਕਸਟ ਸੁਨੇਹੇ (ਸਮਿਸ਼ਿੰਗ) ਅਤੇ ਫ਼ੋਨ ਕਾਲਾਂ (ਵਿਸ਼ਿੰਗ): ਨਿੱਜੀ ਜਾਣਕਾਰੀ ਚੋਰੀ ਕਰਨ ਦੇ ਇਰਾਦੇ ਨਾਲ।
  - ਜਦੋਂ ਤੁਹਾਨੂੰ ਬੇਲੋੜੀ ਈਮੇਲ ਜਾਂ ਸੁਨੇਹੇ ਪ੍ਰਾਪਤ ਹੁੰਦੇ ਹਨ ਤਾਂ ਸਾਵਧਾਨ ਰਹੋ।
  - ਈਮੇਲਾਂ ਜਾਂ ਟੈਕਸਟ ਵਿੱਚ, ਜਾਂ ਸੋਸ਼ਲ ਮੀਡੀਆ 'ਤੇ ਸ਼ੱਕੀ ਲਿੰਕਾਂ 'ਤੇ ਕਲਿੱਕ ਨਾ ਕਰੋ।
  - ਉਹਨਾਂ ਅਣਚਾਹੀਆਂ ਈਮੇਲਾਂ ਦਾ ਜਵਾਬ ਨਾ ਦਿਓ ਜੋ ਸ਼ੱਕੀ ਜਾਪਦੀਆਂ ਹਨ।
  - ਡਿਵਾਈਸਾਂ ਅਤੇ ਪਲੇਟਫਾਰਮਾਂ 'ਤੇ ਮਲਟੀ-ਫੈਕਟਰ ਪ੍ਰਮਾਣਿਕਤਾ ਉਪਲਬਧ ਹੋਣ 'ਤੇ ਇਸਦੀ ਵਰਤੋਂ ਕਰੋ।



- CRA ਜਾਂ ਇਮੀਗ੍ਰੇਸ਼ਨ ਘੁਟਾਲੇ: ਧੋਖੇਬਾਜ਼ ਕੈਨੇਡਾ ਰੈਵੇਨਿਊ ਏਜੰਸੀ ਵਰਗੀ ਸਰਕਾਰੀ ਏਜੰਸੀ ਬਣ ਕੇ ਗੱਲ ਕਰਦੇ ਹਨ। ਇਹਨਾਂ ਘੁਟਾਲਿਆਂ ਵਿੱਚ ਨਿੱਜੀ ਜਾਣਕਾਰੀ ਹਾਸਲ ਕਰਨ ਲਈ, ਜਾਂ ਤੁਹਾਨੂੰ ਪੈਸੇ ਭੇਜਣ ਲਈ ਮਨਾਉਣ ਲਈ ਗ੍ਰਿਫਤਾਰੀ ਜਾਂ ਕਾਨੂੰਨੀ ਕਾਰਵਾਈ ਦੀਆਂ ਧਮਕੀਆਂ ਸ਼ਾਮਲ ਹੋ ਸਕਦੀਆਂ ਹਨ।
  - ਕੋਈ ਨਿੱਜੀ ਜਾਂ ਵਿੱਤੀ ਜਾਣਕਾਰੀ ਨਾ ਦਿਓ। ਇਸਦੀ ਬਜਾਏ, ਫੋਨ ਕੱਟ ਦਿਓ ਅਤੇ ਏਜੰਸੀ ਦੇ ਅਧਿਕਾਰਤ ਜਨਤਕ ਫ਼ੋਨ ਨੰਬਰ ਦੀ ਵਰਤੋਂ ਕਰਕੇ ਉਹਨਾਂ ਨਾਲ ਸੰਪਰਕ ਕਰੋ।
  - ਕੋਈ ਸਰਕਾਰੀ ਏਜੰਸੀ ਤੁਹਾਨੂੰ ਕਦੇ ਵੀ ਕਾਲ ਕਰਕੇ ਗ੍ਰਿਫਤਾਰੀ ਦੀ ਧਮਕੀ ਨਹੀਂ ਦੇਵੇਗੀ।
  - CRA ਕਦੇ ਵੀ ਤੁਹਾਡਾ ਰਿਫੰਡ ਕਲੇਮ ਕਰਨ ਲਈ ਲਿੰਕ ਦੇ ਨਾਲ ਤੁਹਾਨੂੰ ਟੈਕਸਟ ਸੁਨੇਹਾ ਨਹੀਂ ਭੇਜੇਗੀ।
  - CRA ਕਦੇ ਵੀ ਕ੍ਰਿਪਟੋਕਰੰਸੀ ਜਾਂ ਗਿਫਟ ਕਾਰਡਾਂ ਰਾਹੀਂ ਭੁਗਤਾਨ ਦੀ ਮੰਗ ਨਹੀਂ ਕਰੇਗੀ।

**ਧੋਖਾਧੜੀ ਦੀ ਰੋਕਥਾਮ ਬਾਰੇ ਹੋਰ ਜਾਣੋ:**

https://www.td.com/ca/en/about-td/privacy-and-security/how-you-can-protect-yourself/protect-yourself/types-of-fraud-and-scams



## ਵਿੱਤੀ ਸਲਾਹ ਨੂੰ ਬਿਹਤਰ ਬਣਾਉਣਾ

TD, ਕੈਨੇਡਾ ਵਿੱਚ ਬੈਂਕਿੰਗ ਦੇ ਹਰ ਪਹਿਲੂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਆਪਣੇ ਟੀਚਿਆਂ ਦੇ ਵੱਲ ਵੱਧਦੇ ਹੋਏ, ਤੁਸੀਂ ਹਰ ਮੀਲਪੱਥਰ 'ਤੇ ਸਮਰਥਨ ਅਤੇ ਉਤਸ਼ਾਹ ਲਈ ਸਾਡੇ ਨਾਲ ਸੰਪਰਕ ਕਰ ਸਕਦੇ ਹੋ। ਵਿਅਕਤੀਗਤ ਸਲਾਹ ਅਤੇ ਡਿਜੀਟਲ ਸਾਧਨਾਂ ਦੇ ਨਾਲ, ਅਸੀਂ ਤੁਹਾਡੇ ਲਈ ਸਭ ਤੋਂ ਜ਼ਰੂਰੀ ਚੀਜ਼ਾਂ ਦੇ ਨਾਲ ਅੱਗੇ ਵਧਣ ਵਿੱਚ ਤੁਹਾਡੀ ਮਦਦ ਕਰਨ ਲਈ ਮੌਜੂਦ ਹਾਂ।

## ਰਜਿਸਟਰਡ ਬਚਤ ਯੋਜਨਾਵਾਂ ਨੂੰ ਸਮਝਣਾ

ਕੈਨੇਡਾ ਸਰਕਾਰ ਕੋਲ ਵਿਸ਼ੇਸ਼ ਟੈਕਸ ਛੋਟਾਂ ਅਤੇ ਟੈਕਸ ਲਾਭ ਪੇਸ਼ ਕਰਨ ਵਾਲੀਆਂ ਕਈ ਬਚਤ ਯੋਜਨਾਵਾਂ ਰਜਿਸਟਰਡ ਹਨ ਜੋ ਸ਼ਾਇਦ ਤੁਹਾਡੇ ਨਿਵੇਸ਼ਾਂ ਨੂੰ ਵਧੇਰੇ ਤੇਜ਼ੀ ਨਾਲ ਵਧਾਉਣ ਵਿੱਚ ਮਦਦ ਕਰ ਸਕਦੀਆਂ ਹਨ।

- **ਟੈਕਸ-ਫ੍ਰੀ ਸੇਵਿੰਗਜ਼ ਅਕਾਉਂਟ (TFSA): ਟੈਕਸ-ਮੁਕਤ ਪੈਸੇ ਵਧਾਓ।**[1]
  - ਸਲਾਨਾ ਯੋਗਦਾਨ ਦੀ ਸੀਮਾ ਲਾਗੂ ਹੁੰਦੀ ਹੈ*
  - ਯੋਗ ਨਿਕਾਸੀਆਂ ਟੈਕਸਯੋਗ ਨਹੀਂ ਹਨ ਅਤੇ ਉਹਨਾਂ ਦਾ ਵਾਪਸੀ ਭੁਗਤਾਨ ਕਰਨ ਦੀ ਲੋੜ ਨਹੀਂ ਹੈ।
  - ਵਿਅਕਤੀ ਪਿਛਲੇ ਸਾਲਾਂ ਤੋਂ ਅਣਵਰਤੇ ਯੋਗਦਾਨ ਨੂੰ ਅੱਗੇ ਲਿਜਾ ਸਕਦੇ ਹਨ।
- **ਫਰਸਟ ਹੋਮ ਸੇਵਿੰਗਜ਼ ਅਕਾਉਂਟ (FHSA): ਪਹਿਲਾ ਘਰ ਖਰੀਦਣ ਵਿੱਚ ਮਦਦ ਕਰਦਾ ਹੈ**
  - ਵਿਅਕਤੀ ਯੋਗ ਯੋਗਦਾਨਾਂ ਲਈ ਇਨਕਮ ਟੈਕਸ ਕਟੌਤੀ ਦਾ ਦਾਅਵਾ ਕਰ ਸਕਦੇ ਹਨ।
  - ਸਾਲਾਨਾ ਅਤੇ ਜੀਵਨ ਭਰ ਯੋਗਦਾਨ ਸੀਮਾਵਾਂ ਲਾਗੂ ਹੁੰਦੀਆਂ ਹਨ।
  - ਯੋਗ ਨਿਕਾਸੀਆਂ ਦਾ FHSA ਵਿੱਚ ਵਾਪਸ ਭੁਗਤਾਨ ਕਰਨ ਦੀ ਲੋੜ ਨਹੀਂ ਹੁੰਦੀ ਹੈ।
  - ਕਿਸੇ RRSP ਜਾਂ RIF ਵਿੱਚ ਟ੍ਰਾਂਸਫਰ ਕੀਤਾ ਜਾ ਸਕਦਾ ਹੈ।
- **ਰਜਿਸਟਰਡ ਰਿਟਾਇਰਮੈਂਟ ਸੇਵਿੰਗਜ਼ ਪਲਾਨ (RRSP): ਰਿਟਾਇਰਮੈਂਟ ਲਈ ਯੋਜਨਾ ਬਣਾਓ**
  - ਵਿਅਕਤੀ ਯੋਗ ਯੋਗਦਾਨਾਂ ਲਈ ਇਨਕਮ ਟੈਕਸ ਕਟੌਤੀ ਦਾ ਦਾਅਵਾ ਕਰ ਸਕਦੇ ਹਨ।
  - ਯੋਗ ਫਰਸਟ ਟਾਈਮ ਹੋਮ ਬਾਇਰਸ ਪਲਾਨ ਨਿਕਾਸੀਆਂ ਅਤੇ ਲਾਈਫਲੌਂਗ ਲਰਨਰ ਪਲਾਨ ਟੈਕਸਯੋਗ ਨਹੀਂ ਹਨ ਅਤੇ ਉਹਨਾਂ ਦਾ ਵਾਪਸ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ, ਨਹੀਂ ਤਾਂ ਉਹਨਾਂ ਨੂੰ ਟੈਕਸਯੋਗ ਆਮਦਨ ਵਜੋਂ ਜੋੜਿਆ ਜਾਂਦਾ ਹੈ।
- **ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ (RESP): ਬੱਚੇ ਦੀ ਸਿੱਖਿਆ ਲਈ ਬਚਤ ਕਰੋ**
  - ਪ੍ਰਤੀ ਲਾਭਪਾਤਰੀ $50,000* ਜੀਵਨ ਭਰ ਯੋਗਦਾਨ ਦੀ ਸੀਮਾ।
  - ਕੈਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ (CESG) ਅਤੇ/ਜਾਂ ਕੈਨੇਡੀਅਨ ਲਰਨਿੰਗ ਬਾਂਡ (CLB) ਲਈ ਯੋਗ ਹੋ ਸਕਦੇ ਹਨ।
  - ਪੋਸਟ-ਸੈਕੰਡਰੀ ਸਿੱਖਿਆ (PSE) ਅਤੇ ਐਜੂਕੇਸ਼ਨ ਅਸਿਸਟੈਂਸ ਪੇਅਮੈਂਟ (EAP) ਨਿਕਾਸੀਆਂ ਲਈ ਯੋਗ ਹੋ ਸਕਦੇ ਹਨ।
- **ਰਜਿਸਟਰਡ ਡਿਸਏਬਿਲਿਟੀ ਸੇਵਿੰਗਜ਼ ਪਲਾਨ (RDSP): ਅਸਮਰਥਤਾ ਵਾਲੇ ਬੱਚੇ ਲਈ ਬਚਤ ਕਰੋ**
  - ਲਾਭਪਾਤਰੀ ਲਾਜ਼ਮੀ ਤੌਰ 'ਤੇ ਡਿਸਏਬਿਲਿਟੀ ਟੈਕਸ ਕ੍ਰੈਡਿਟ ਲਈ ਯੋਗ ਹੋਣਾ ਚਾਹੀਦਾ ਹੈ
  - ਸਥਗਤ ਟੈਕਸ ਲਾਭ ਕਿਉਂਕਿ ਯੋਗਦਾਨ ਟੈਕਸ ਕਟੌਤੀਯੋਗ ਨਹੀਂ ਹਨ ਪਰ RDSP ਤੋਂ ਭੁਗਤਾਨ ਕੀਤੇ ਜਾਣ 'ਤੇ ਨਿਕਾਸੀਆਂ ਨੂੰ ਲਾਭਪਾਤਰੀ ਦੀ ਆਮਦਨੀ ਵਜੋਂ ਸ਼ਾਮਲ ਨਹੀਂ ਕੀਤਾ ਜਾਂਦਾ ਹੈ।
  - ਪਰਿਵਾਰ ਦੀ ਨੈੱਟ ਆਮਦਨ ਦੇ ਆਧਾਰ 'ਤੇ, ਲਾਭਪਾਤਰੀ ਦੋ ਵਿੱਤੀ ਪ੍ਰੋਗਰਾਮਾਂ ਰਾਹੀਂ ਸਰਕਾਰੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਵੀ ਹੋ ਸਕਦਾ ਹੈ: ਕੈਨੇਡਾ ਡਿਸਏਬਿਲਟੀ ਸੇਵਿੰਗਜ਼ ਗ੍ਰਾਂਟ (CDSG) ਅਤੇ ਕੈਨੇਡਾ ਡਿਸਏਬਿਲਟੀ ਸੇਵਿੰਗਜ਼ ਬਾਂਡ (CDSB)।

## ਵਧੇਰੇ ਜਾਣਨ ਲਈ ਇਸ ਵੈੱਬਸਾਈਟ 'ਤੇ ਜਾਓ:

https://www.td.com/ca/en/personal-banking/products/investment-accounts-plans-products-canada

*2024 ਤੱਕ ਦੀ ਜਾਣਕਾਰੀ; ਕੈਨੇਡਾ ਸਰਕਾਰ ਦੁਆਰਾ ਬਦਲੇ ਜਾਣ ਦੇ ਅਧੀਨ।

[1] ਚੁਣੇ ਗਏ ਨਿਵੇਸ਼ਾਂ 'ਤੇ ਕਿਸੇ ਵੀ ਪਾਬੰਦੀ ਅਤੇ ਯੋਗਤਾ / ਸ਼ਰਤਾਂ ਦੇ ਅਧੀਨ। ਹਰੇਕ ਰਜਿਸਟਰਡ ਯੋਜਨਾ ਵਿੱਚ ਵੱਖ-ਵੱਖ ਯੋਗਤਾ ਮਾਪਦੰਡ, ਵਿਸ਼ੇਸ਼ਤਾਵਾਂ ਅਤੇ ਟੈਕਸ ਪ੍ਰਭਾਵ ਹੁੰਦੇ ਹਨ। ਵਿਸਤ੍ਰਿਤ ਟੈਕਸ ਜਾਣਕਾਰੀ ਲਈ ਕਿਰਪਾ ਕਰਕੇ ਕਿਸੇ ਟੈਕਸ ਸਲਾਹਕਾਰ ਨਾਲ ਗੱਲ ਕਰੋ।

# ਵਿੱਤੀ ਟੀਚੇ ਨਿਯਤ ਕਰੋ

ਵਿੱਤੀ ਟੀਚੇ ਥੋੜ੍ਹੇ ਸਮੇਂ ਦੇ ਜਾਂ ਲੰਬੇ ਸਮੇਂ ਦੇ ਹੋ ਸਕਦੇ ਹਨ। ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡੇ ਵਿੱਤੀ ਟੀਚੇ ਕੀ ਹਨ, ਇੱਕ ਸਪਸ਼ਟ ਟੀਚਾ ਅਤੇ ਯੋਜਨਾ ਹੋਣਾ ਤੁਹਾਨੂੰ ਆਪਣੇ ਸੁਪਨੇ ਨੂੰ ਪ੍ਰਾਪਤ ਕਰਨ ਵੱਲ ਕੰਮ ਕਰਨ ਵਾਸਤੇ ਪ੍ਰੇਰਿਤ ਕਰ ਸਕਦਾ ਹੈ। ਤੁਹਾਡੇ ਵਿੱਤੀ ਟੀਚਿਆਂ ਵਿੱਚ ਸ਼ਾਮਲ ਹੋ ਸਕਦੇ ਹਨ:



### ਕਾਰ ਖਰੀਦਣੀ

ਆਵਾਜਾਈ ਦੇ ਸਾਧਨ ਵਜੋਂ ਕਾਰ ਜਾਂ ਮੋਟਰਸਾਈਕਲ ਖਰੀਦਣਾ ਤੁਹਾਡੇ ਲਈ ਮਹੱਤਵਪੂਰਨ ਹੋ ਸਕਦਾ ਹੈ। ਅਸੀਂ ਤੁਹਾਡੇ ਬਜਟ ਵਿੱਚ ਫਿੱਟ ਹੋਣ ਵਾਲੇ ਆਟੋ ਲੋਨ ਨਾਲ ਨਵਾਂ ਜਾਂ ਵਰਤਿਆ ਹੋਇਆ ਵਾਹਨ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।

### ਆਪਣੇ ਬੱਚੇ ਦੀ ਸਿੱਖਿਆ ਲਈ ਬਚਤ ਕਰਨੀ

ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ (RESP) ਸਰਕਾਰੀ-ਰਜਿਸਟਰਡ ਯੋਜਨਾ ਹੈ ਜੋ ਬੱਚੇ ਦੀ ਪੋਸਟ-ਸੈਕੰਡਰੀ ਸਿੱਖਿਆ ਲਈ ਬਚਤ ਕਰਨ ਵਿੱਚ ਤੁਹਾਡੀ ਮਦਦ ਕਰਦੀ ਹੈ।

### ਐਮਰਜੈਂਸੀ ਫੰਡ

ਐਮਰਜੈਂਸੀਆਂ ਲਈ 3-6 ਮਹੀਨਿਆਂ ਦੇ ਬੁਨਿਆਦੀ ਜੀਵਨ ਖਰਚਿਆਂ ਲਈ ਪੈਸੇ ਬਚਾ ਕਰ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

### ਰਿਟਾਇਰਮੈਂਟ ਲਈ ਬਚਤ ਕਰਨੀ

ਰਜਿਸਟਰਡ ਰਿਟਾਇਰਮੈਂਟ ਸੇਵਿੰਗਜ਼ ਪਲਾਨ (RRSP) ਇੱਕ ਅਰਾਮਦੇਹ ਰਿਟਾਇਰਮੈਂਟ ਲਈ ਟੈਕਸ ਲਾਭ ਪ੍ਰਦਾਨ ਕਰਦਾ ਹੈ।

### ਘਰ ਖਰੀਦਣਾ

ਤੁਸੀਂ ਮੌਰਗੇਜ ਲਈ ਯੋਗ ਹੋ ਸਕਦੇ ਹੋ, ਭਾਵੇਂ ਤੁਹਾਡੇ ਕੋਲ ਅਜੇ ਤੱਕ ਕੈਨੇਡੀਅਨ ਕ੍ਰੈਡਿਟ ਹਿਸਟਰੀ ਨਹੀਂ ਹੈ, ਬਸ਼ਰਤੇ ਤੁਸੀਂ ਇੱਕ ਸਥਾਈ ਨਿਵਾਸੀ ਹੋ, ਜਾਂ ਬਣਨ ਲਈ ਅਰਜ਼ੀ ਦਿੱਤੀ ਹੈ ਅਤੇ 5 ਸਾਲ ਜਾਂ ਘੱਟ ਸਮੇਂ ਤੋਂ ਕੈਨੇਡਾ ਵਿੱਚ ਰਹਿ ਰਹੇ ਹੋ।

### ਕਾਰੋਬਾਰ ਸ਼ੁਰੂ ਕਰਨਾ

ਆਪਣੀਆਂ ਸਾਰੀਆਂ ਸਮਾਲ ਬਿਜ਼ਨਸ ਬੈਂਕਿੰਗ ਲੋੜਾਂ ਲਈ ਸਲਾਹ ਲਵੋ ਅਤੇ ਲਚਕਦਾਰ ਬੈਂਕਿੰਗ ਹੱਲਾਂ ਤੱਕ ਪਹੁੰਚ ਪ੍ਰਾਪਤ ਕਰੋ।

## ਆਓ ਬਚਤ ਯੋਜਨਾ ਬਣਾਉਣ ਵਿੱਚ ਤੁਹਾਡੀ ਮਦਦ ਕਰੀਏ

TD ਸਲਾਹਕਾਰ ਤੁਹਾਡੇ ਟੀਚਿਆਂ ਵੱਲ ਕੰਮ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਅਨੁਕੂਲ ਬਣਾਈ ਨਿਵੇਸ਼ ਸਲਾਹ ਪ੍ਰਦਾਨ ਕਰਨ ਵਾਸਤੇ TD ਗੋਲ ਬਿਲਡਰ ਦੀ ਵਰਤੋਂ ਕਰਕੇ ਮਦਦ ਕਰ ਸਕਦਾ ਹੈ। ਭਾਵੇਂ ਤੁਸੀਂ ਰਿਟਾਇਰਮੈਂਟ, ਸਿੱਖਿਆ, ਘਰ, ਜਾਂ ਕੋਈ ਹੋਰ ਵੱਡੀ ਖਰੀਦਦਾਰੀ ਲਈ ਬਚਤ ਕਰ ਰਹੇ ਹੋ, ਅਸੀਂ ਤੁਹਾਡੇ ਵਿੱਤੀ ਭਵਿੱਖ ਬਾਰੇ ਵਧੇਰੇ ਆਤਮਵਿਸ਼ਵਾਸੀ ਮਹਿਸੂਸ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।

### TD ਗੋਲ ਬਿਲਡਰ ਦੇ ਫਾਇਦੇ:

- ਸਲਾਹਕਾਰ ਇੱਕ ਰੋਡਮੈਪ ਬਣਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਤੁਹਾਡੇ ਟੀਚਿਆਂ ਨੂੰ ਹਕੀਕਤ ਬਣਾਉਣ ਲਈ ਨਿਵੇਸ਼ ਸਲਾਹ ਪ੍ਰਦਾਨ ਕਰ ਸਕਦਾ ਹੈ।
- ਤੁਹਾਡੀ ਤਰੱਕੀ ਨੂੰ ਔਨਲਾਈਨ ਟ੍ਰੈਕ ਕਰਨ ਦੀ ਸਮਰੱਥਾ ਅਤੇ ਆਪਣੇ ਟੀਚਿਆਂ ਨੂੰ ਅਨੁਕੂਲ ਬਣਾਉਣ ਲਈ ਸਾਨੂੰ ਮਿਲੋ ਤਾਂ ਜੋ ਤੁਹਾਨੂੰ ਆਤਮ-ਵਿਸ਼ਵਾਸੀ ਮਹਿਸੂਸ ਕਰਨ ਵਿੱਚ ਮਦਦ ਮਿਲ ਸਕੇ ਕਿ ਤੁਸੀਂ ਸਹੀ ਰਸਤੇ 'ਤੇ ਹੋ।

### ਸ਼ੁਰੂਆਤ ਕਰਨ ਲਈ ਅਪਾਇੰਟਮੈਂਟ ਬੁੱਕ ਕਰੋ:

https://www.td.com/ca/en/personal-banking/book-appointment#/appointment-type?topicid=INV01

### ਵਧੇਰੇ ਜਾਣਨ ਲਈ ਇਸ ਵੈੱਬਸਾਈਟ 'ਤੇ ਜਾਓ:

https://www.td.com/ca/en/personal-banking/personal-investing/goal-builder

### ਨਿੱਜੀ ਨਿਵੇਸ਼ ਸਿੱਖਿਆ ਕੇਂਦਰ:

https://www.td.com/ca/en/personal-banking/personal-investing/learn

### TD ਵਿਖੇ ਨਿਵੇਸ਼ ਕਰਨਾ

ਭਾਵੇਂ ਤੁਸੀਂ ਨਿਵੇਸ਼ ਕਰਨ ਵਿੱਚ ਨਵੇਂ ਹੋ, ਕਿਸੇ ਤਜਰਬੇਕਾਰ ਪੇਸ਼ੇਵਰ ਨਾਲ ਕੰਮ ਕਰਨਾ ਚਾਹੁੰਦੇ ਹੋ, ਜਾਂ ਤੁਹਾਨੂੰ ਨਿਵੇਸ਼ ਬਾਰੇ ਵਿਅਕਤੀਗਤ ਸਲਾਹ ਦੀ ਲੋੜ ਹੈ, ਸਾਡੇ ਕੋਲ ਸਭ ਕੁਝ ਹੈ।

#### ਮੈਨੂੰ ਬ੍ਰਾਂਚ ਵਿਖੇ TD ਉਤਪਾਦਾਂ ਵਿੱਚ ਨਿਵੇਸ਼ ਕਰਨਾ ਪਸੰਦ ਹੈ

ਤੁਹਾਡਾ ਬ੍ਰਾਂਚ ਵਿੱਚ ਨਿੱਜੀ ਬੈਂਕਰ ਤੁਹਾਡੇ ਨਿਵੇਸ਼ ਟੀਚਿਆਂ ਅਤੇ ਬਜਟ ਲਈ ਢੁਕਵੇਂ ਨਿਵੇਸ਼ਾਂ ਦੀ ਚੋਣ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

#### ਮੈਂ ਆਪਣੇ ਨਿਵੇਸ਼ਾਂ ਦਾ ਖੁਦ ਪ੍ਰਬੰਧਨ ਕਰਨਾ ਚਾਹੁੰਦਾ/ਚਾਹੁੰਦੀ ਹਾਂ

TD ਡਾਇਰੈਕਟ ਇਨਵੈਸਟਿੰਗ ਅਤੇ TD ਈਜ਼ੀ ਟ੍ਰੇਡ ਵਰਗੇ ਬਹੁਤ ਸਾਰੇ ਵੱਖ-ਵੱਖ ਤਰ੍ਹਾਂ ਦੇ ਪਲੇਟਫਾਰਮਾਂ, ਹਰ ਕਿਸਮ ਦੇ ਨਿਵੇਸ਼ਕ ਲਈ ਸਾਧਨਾਂ ਅਤੇ ਵਿਦਿਅਕ ਸਰੋਤਾਂ ਦੇ ਨਾਲ, ਅਸੀਂ ਔਨਲਾਈਨ ਨਿਵੇਸ਼ ਅਤੇ ਟ੍ਰੇਡਿੰਗ ਨੂੰ ਆਸਾਨ, ਪਹੁੰਚਯੋਗ ਅਤੇ ਕਿਫਾਇਤੀ ਬਣਾਉਂਦੇ ਹਾਂ। ।

#### ਮੈਨੂੰ ਵਿਅਕਤੀਗਤ ਬਣਾਈ ਧਨ ਸੰਬੰਧੀ ਸਲਾਹ ਚਾਹੀਦੀ ਹੈਹਾਂ

ਜੋ ਤੁਹਾਡੇ ਲਈ ਸਭ ਤੋਂ ਵੱਧ ਮਹੱਤਵਪੂਰਨ ਹੈ, ਉਹ ਪ੍ਰਾਪਤ ਕਰਨ ਵਿੱਚ ਮਦਦ ਲਈ TD ਵੈਲਥ ਸਲਾਹਕਾਰ ਨਾਲ ਇੱਕ ਧਨ-ਸੰਪਤੀ ਯੋਜਨਾ ਬਣਾਓ।

# ਵੱਧ ਤੋਂ ਵੱਧ ਮੁੱਲ ਪ੍ਰਾਪਤ ਕਰਨ ਅਤੇ ਵਾਧੂ ਫੀਸਾਂ ਤੋਂ ਬਚਣ ਲਈ ਜਲਦ ਸੁਝਾਅ

## 1 ਵਿਸ਼ੇਸ਼ਤਾਵਾਂ ਅਤੇ ਫਾਇਦੇ

ਅਜਿਹੇ ਖਾਤੇ ਜਾਂ ਕ੍ਰੈਡਿਟ ਕਾਰਡ ਲੱਭੋ ਜੋ ਛੋਟ ਵਾਲੀਆਂ ਜਾਂ ਮੁਫਤ ਵਿਸ਼ੇਸ਼ਤਾਵਾਂ ਦੀ ਪੇਸ਼ਕਸ਼ ਕਰ ਸਕਦੇ ਹਨ – ਜਿਵੇਂ ਕਿ TD ਦਾ ਨਿਊ ਟੂ ਕੈਨੇਡਾ ਅਤੇ ਇੰਟਰਨੈਸ਼ਨਲ ਸਟੂਡੰਟ ਬੈਂਕਿੰਗ ਪੈਕੇਜ ਜੋ ਵਿਸ਼ੇਸ਼ ਬੈਂਕਿੰਗ ਪੇਸ਼ਕਸ਼ਾਂ ਅਤੇ ਛੋਟਾਂ ਪੇਸ਼ ਕਰਦੇ ਹਨ।

## 2 ਕ੍ਰੈਡਿਟ ਇਤਿਹਾਸ ਬਣਾਓ

ਕੈਨੇਡਾ ਵਿੱਚ ਕ੍ਰੈਡਿਟ ਬਣਾਉਣਾ ਸ਼ੁਰੂ ਕਰਨ ਲਈ ਜਲਦੀ ਕ੍ਰੈਡਿਟ ਕਾਰਡ ਲਈ ਅਰਜ਼ੀ ਦਿਓ ਅਤੇ ਇਸਨੂੰ ਵਰਤੋ। ਨਾਲ ਹੀ, ਹੋਰ ਵੀ ਜ਼ਿਆਦਾ ਫਾਇਦਾ ਪ੍ਰਾਪਤ ਕਰਨ ਲਈ ਅਜਿਹਾ ਕ੍ਰੈਡਿਟ ਕਾਰਡ ਚੁਣੋ ਖਰੀਦਦਾਰੀ 'ਤੇ ਯਾਤਰਾ ਜਾਂ ਕੈਸ਼ ਬੈਕ ਰਿਵਾਰਡ ਪੇਸ਼ ਕਰਦਾ ਹੈ।

## 3 ਮਹੀਨਾਵਾਰ ਖਾਤਾ ਫੀਸਾਂ ਨੂੰ ਛੱਡੋ

ਮਹੀਨਾਵਾਰ ਖਾਤਾ ਫੀਸਾਂ ਤੋਂ ਬਚਣ ਲਈ ਆਪਣਾ ਘੱਟੋ-ਘੱਟ ਮਹੀਨਾਵਾਰ ਬਕਾਇਆ ਜਾਣੋ ਅਤੇ ਇਸਨੂੰ ਬਣਾਈ ਰੱਖੋ।

## 4 ATM ਫੀਸਾਂ

ਗੈਰ-TD ATM 'ਤੇ ਨਿਕਾਸੀ ਲਈ ATM ਫੀਸ ਦਾ ਭੁਗਤਾਨ ਕਰਨ ਤੋਂ ਬਚਣ ਲਈ ਜਿੰਨਾ ਸੰਭਵ ਹੋ ਸਕੇ TD ATM ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰੋ।

## 5 ਟ੍ਰਾਂਜੈਕਸ਼ਨ ਸੀਮਾ ਫੀਸਾਂ

ਵੱਖ-ਵੱਖ ਖਾਤਿਆਂ ਵਿੱਚ ਵੱਖ-ਵੱਖ ਟ੍ਰਾਂਜੈਕਸ਼ਨ ਸੀਮਾਵਾਂ ਹੁੰਦੀਆਂ ਹਨ। ਇਹਨਾਂ ਫੀਸਾਂ ਤੋਂ ਬਚਣ ਲਈ ਆਪਣੀ ਖਾਤਾ ਯੋਜਨਾ ਵਿੱਚ ਸ਼ਾਮਲ ਸੀਮਾ ਦੇ ਅੰਦਰ ਰਹੋ।

## 6 NSF ਫੀਸਾਂ ਤੋਂ ਬਚੋ

ਜੇ ਤੁਸੀਂ ਭੁਗਤਾਨ ਕਰਨ ਲਈ ਤੁਹਾਡੇ ਖਾਤੇ ਵਿੱਚ ਲੋੜੀਂਦੇ ਪੈਸੇ ਨਾ ਹੋਣ 'ਤੇ ਆਪਣੇ ਡੈਬਿਟ ਕਾਰਡ ਦੀ ਵਰਤੋਂ ਕਰਦੇ ਹੋ, ਚੈੱਕ ਲਿਖਦੇ ਹੋ, ਜਾਂ ਫੰਡ ਟ੍ਰਾਂਸਫਰ ਕਰਦੇ ਹੋ, ਤਾਂ ਤੁਹਾਡੇ ਤੋਂ ਗੈਰ-ਕਾਫ਼ੀ ਫੰਡ (NSF) ਫੀਸਾਂ ਲਈਆਂ ਜਾ ਸਕਦੀਆਂ ਹਨ।

## 7 Visa ਡੈਬਿਟ*

ਇਹ ਤੁਹਾਡੇ ਡੈਬਿਟ ਕਾਰਡ 'ਤੇ ਇੱਕ ਵਿਸ਼ੇਸ਼ਤਾ ਹੈ ਜੋ ਉਸ ਵੇਲੇ ਔਨਲਾਈਨ ਅਤੇ ਅੰਤਰਰਾਸ਼ਟਰੀ ਖਰੀਦਦਾਰੀ ਨੂੰ ਸਮਰੱਥ ਬਣਾਉਂਦੀ ਹੈ ਜਦੋਂ ਤੁਸੀਂ ਆਪਣੇ ਬੈਂਕ ਖਾਤੇ ਤੋਂ ਸਿੱਧੇ ਪੈਸੇ ਖਰਚਣਾ ਚਾਹੁੰਦੇ ਹੋ।

## 8 ਓਵਰਡ੍ਰਾਫਟ ਪ੍ਰੋਟੈਕਸ਼ਨ

ਇਹ ਕਦੇ-ਕਦਾਈਂ ਤੁਹਾਡੇ ਚੈਕਿੰਗ ਖਾਤੇ ਵਿੱਚ ਟ੍ਰਾਂਜੈਕਸ਼ਨਾਂ ਕਰਕੇ ਖਾਤੇ ਵਿੱਚ ਪੈਸੇ ਘੱਟ ਜਾਣ ਨੂੰ ਪੂਰਾ ਕਰਨ ਅਤੇ NSF ਫੀਸਾਂ ਨੂੰ ਰੋਕਣ ਵਿੱਚ ਮਦਦ ਕਰ ਸਕਦੀ ਹੈ। ਤੁਹਾਨੂੰ ਇਸ ਵਿਕਲਪਿਕ ਉਤਪਾਦ ਲਈ ਅਰਜ਼ੀ ਦੇਣ ਅਤੇ ਮਨਜ਼ੂਰ ਕੀਤੇ ਜਾਣ ਦੀ ਲੋੜ ਹੈ।

## 9 TD ਧੋਖਾਧੜੀ ਚਿਤਾਵਨੀਆਂ

ਤੁਹਾਡੇ TD ਕ੍ਰੈਡਿਟ ਜਾਂ ਡੈਬਿਟ ਕਾਰਡਾਂ 'ਤੇ ਸ਼ੱਕੀ ਗਤੀਵਿਧੀ ਬਾਰੇ ਤੁਹਾਨੂੰ ਸੂਚਿਤ ਕਰਨ ਵਾਲੇ ਤਤਕਾਲ ਟੈਕਸਟ ਸੁਨੇਹੇ ਪ੍ਰਾਪਤ ਕਰੋ।

## 10 ਵਿੱਤੀ ਜਾਂਚ

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਨਿੱਜੀ ਵਿੱਤੀ ਜਾਂਚ ਕਰਵਾਉਣ ਅਤੇ ਤੁਹਾਡੀਆਂ ਬਦਲ ਗਈਆਂ ਲੋੜਾਂ ਦੇ ਅਨੁਸਾਰ ਇੱਕ ਯੋਜਨਾ ਤਿਆਰ ਕਰਨ ਲਈ ਅਗਲੇ 6 ਮਹੀਨਿਆਂ ਦੇ ਅੰਦਰ ਸਾਨੂੰ ਦੁਬਾਰਾ ਮਿਲੋ।



*Visa International Service Association ਦਾ ਟ੍ਰੇਡਮਾਰਕ ਅਤੇ ਲਾਇਸੈਂਸ ਅਧੀਨ ਵਰਤਿਆ ਗਿਆ।

# ਆਓ ਜੁੜੇ ਰਹੀਏ।

ਕਿਸੇ ਨਵੇਂ ਦੇਸ਼ ਵਿੱਚ ਵਸਣਾ ਮੁਸ਼ਕਲ ਹੋ ਸਕਦਾ ਹੈ, ਪਰ ਜ਼ਰੂਰੀ ਨਹੀਂ ਕਿ ਤੁਹਾਡੀ ਬੈਂਕਿੰਗ ਵੀ ਮੁਸ਼ਕਲ ਹੋਵੇ। ਅਸੀਂ ਤੁਹਾਡੀ ਮਦਦ ਕਰਨ ਲਈ ਮੌਜੂਦ ਹਾਂ, ਜਦੋਂ ਵੀ ਤੁਹਾਨੂੰ ਇਸਦੀ ਲੋੜ ਹੋਵੇ।



## ਕੀ ਤੁਹਾਡੇ ਕੋਈ ਸਵਾਲ ਹਨ? TD ਇਹਨਾਂ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ:

- ਕੈਨੇਡੀਅਨ ਬੈਂਕਿੰਗ ਪ੍ਰਣਾਲੀ ਬਾਰੇ ਜਾਣਕਾਰ ਬਣਨਾ
- ਆਪਣੇ ਬੈਂਕ ਖਾਤੇ ਦੇ ਨਾਲ-ਨਾਲ ਸਾਡੇ ਦੁਆਰਾ ਪੇਸ਼ ਕੀਤੇ ਜਾਂਦੇ ਲਾਭਾਂ ਅਤੇ ਸੇਵਾਵਾਂ ਨੂੰ ਸਮਝਣਾ
- ਤੁਹਾਡੀਆਂ ਬੈਂਕਿੰਗ ਲੋੜਾਂ ਲਈ ਸਲਾਹ ਅਤੇ ਹੱਲ ਮੁਹੱਈਆ ਕਰਨੇ
- ਇੱਕ ਬਚਤ ਯੋਜਨਾ ਅਤੇ ਨਿਵੇਸ਼ ਰਣਨੀਤੀ ਸਥਾਪਤ ਕਰਨੀ

**ਆਓ ਜੁੜੇ ਰਹੀਏ।** https://www.td.com/ca/en/personal-banking/book-appointment#/appointment-type?topicid=INV01

**ਸਾਨੂੰ ਤੁਹਾਨੂੰ ਮਿਲਣਾ ਚੰਗਾ ਲੱਗਦਾ ਹੈ! ਅਨੁਕੂਲ ਬਣਾਈ ਸਲਾਹ ਲੈਣ ਲਈ ਕਿਸੇ ਬ੍ਰਾਂਚ ਵਿੱਚ ਜਾਓ, ਜਾਂ td.com 'ਤੇ ਕਿਸੇ ਵੀ ਸਮੇਂ ਸਾਡੇ ਨਾਲ ਜੁੜੋ**

**ਹੋਰ ਜਾਣਨ ਲਈ,**
https://www.td.com/ca/en/personal-banking/solutions/new-to-canada